
ੴ ਸ੍ਰੀ ਵਾਹਿਗੁਰੂ ਜੀ ਕੀ ਫ਼ਤਹਿ ॥

# ਸ਼ੱਸਤ੍ਰ ਵਿਦਿਆ



ਸ਼ੱਸਤ੍ਰਧਾਰੀ ਅਤੇ ਗੱਤਕਈ ਜਵਾਨਾਂ ਦੀ ਜਾਣਕਾਰੀ ਲਈ
ਅਮੋਲਕ ਪੁਸਤਕ

ਪ੍ਰਕਾਸ਼ਕ :—
ਸਿੰਘ ਸਾਹਿਬ ਬਾਬਾ ਸੰਤਾ ਸਿੰਘ ਜੀ (ਅਕਾਲੀ) ਜਥੇਦਾਰ ੯੬ ਕਰੋੜੀ

ਬੁੱਢਾ ਦਲ ਪ੍ਰਿੰਟਿੰਗ ਪ੍ਰੈਸ. ਲੋਇਰ ਮਾਲ ਰੋਡ ਪਟਿਆਲਾ
ਤੋਂ ਪ੍ਰਕਾਸ਼ਤ ਕੀਤੀ ।


# ਸ਼ੱਸਤ੍ਰ ਵਿਦਿਆ



**ਬਾਬਾ ਗਿਆਨ ਸਿੰਘ 'ਸੁਤੰਤ੍ਰ'**

ਸ਼ਸਤ੍ਰ ਵਿਦਿਆ ਦੇ ਧਨੀ

ਜਿਨ੍ਹਾਂ ਸਾਰੀ ਜ਼ਿੰਦਗੀ ਸ਼ਸਤ੍ਰ ਵਿਦਿਆ ਸਿਖਾਉਣ ਵਿਚ ਲਾਈ।



## ਦੋ ਸ਼ਬਦ

ਹਰ ਸਿਖ ਲਈ ਅੰਮ੍ਰਿਤਧਾਰੀ ਤੇ ਸ਼ਸਤ੍ਰਧਾਰੀ ਹੋਣਾ ਜ਼ਰੂਰੀ ਹੈ ਅਤੇ ਨਿਹੰਗ ਸਿੰਘ ਸਜਣ ਲਈ ਤਾਂ ਬਹੁਤ ਹੀ ਜ਼ਰੂਰੀ ਹੈ ਕਿ ਉਹ ਸ਼ਸਤ੍ਰ ਵਿਚ ਨਿਪੁਣ ਹੋਵੇ, ਤਾਂ ਹੀ ਉਹ ਧਰਮ ਜਾਂ ਦੇਸ਼ ਦੀ ਰੱਖਿਆ

ਲਈ ਜੂਝ ਸਕਦਾ ਹੈ ਇਹੋ ਖਾਲਸੇ ਦਾ ਪਰਮ ਧਰਮ ਹੈ :—

ਧਰਮ ਚਲਾਵਨ ਸੰਤ ਉਬਾਰਨ।
ਦੁਸ਼ਟ ਸਬਨ ਕੋ ਮੂਲ ਉਪਾਰਨ।

ਸ੍ਰੀ ਦਸਮੇਸ਼ ਪਿਤਾ ਦਾ ਇਹੋ ਮਿਸ਼ਨ ਸੀ ਤੇ ਇਹੋ ਮਿਸ਼ਨ ਖਾਲਸੇ ਨੂੰ ਸੌਂਪਿਆ ਗਿਆ ਹੈ। ਸੋ ਖਾਲਸੇ ਲਈ ਸ਼ਸਤ੍ਰਧਾਰੀ ਹੋਣਾ ਇਕ ਲਾਜ਼ਮੀ ਗੱਲ ਹੈ। ਇਸੇ ਕਰਕੇ ਨਿਹੰਗ ਸਿੰਘ ਸ਼ਸਤ੍ਰਾਂ ਲਈ ਡੂੰਘਾ ਪਿਆਰ ਤੇ ਸਤਿਕਾਰ ਰਖਦੇ ਹਨ ਤੇ ਜੋ ਸਿੰਘ ਸ਼ਸਤ੍ਰ ਵਿਦਿਆ ਵਿਚ ਨਿਪੁਣ ਹੋਵੇ ਤੇ ਦੂਜਿਆਂ ਨੂੰ ਵੀ ਸਿਖਾ ਸਕੇ, ਉਹ ਵਿਸ਼ੇਸ਼ ਆਦਰ ਦਾ ਪਾਤਰ ਬਣਦਾ ਹੈ। ਨਿਹੰਗ ਸਿੰਘ ਬਾਬਾ ਗਿਆਨ ਸਿੰਘ ਸੁਤੰਤਰ ਪੁਰਾਣੇ ਸ਼ਸਤ੍ਰਧਾਰੀ ਸਿੰਘ ਹਨ ਤੇ ਸ਼ਸਤ੍ਰ ਵਿਦਿਆ ਦੇ ਵੀ ਚੰਗੇ ਗਿਆਤਾ ਹਨ, ਉਸਤਾਦ ਬਣਕੇ ਉਨ੍ਹਾਂ ਹਜ਼ਾਰਾਂ ਸਿੰਘਾਂ ਨੂੰ ਸ਼ਸਤ੍ਰ ਵਿਦਿਆ ਸਿਖਾਈ ਹੈ।

ਇਸ ਤੋਂ ਇਲਾਵਾ ਗੁਰਬਾਣੀ ਦੇ ਅਰਥ ਵਿਚਾਰ ਵਿਚ ਵੀ ਆਪ ਡੂੰਘੀ ਦਿਲਚਸਪੀ ਰਖਦੇ ਹਨ। ਖਾਸ ਕਰਕੇ ਪੁਰਾਤਨ ਬੀੜਾਂ ਦੇ ਦਰਸ਼ਨ ਕਰਕੇ ਉਨ੍ਹਾਂ ਦੇ ਪਾਠ ਭੇਦ ਨੋਟ ਕਰਨੇ ਆਪ ਦਾ ਚਿਰੋਕਾ ਸ਼ੌਕ ਰਿਹਾ ਹੈ।

ਸਾਨੂੰ ਖੁਸ਼ੀ ਹੈ ਕਿ ਆਪ ਜੈਸੇ ਤਜ਼ਰਬੇਕਾਰ ਉਸਤਾਦ ਨੇ ਨੌਜੁਆਨ ਫੌਜਾਂ ਦੀ ਸਿਖਿਆ ਲਈ ਕੁਝ ਮੁਢਲੇ ਪੈਂਤੜੇ ਇਸ ਰਚਨਾ ਵਿਚ ਦਰਜ ਕੀਤੇ ਹਨ। ਪੰਥ ਵਲੋਂ ਇਨ੍ਹਾਂ ਦੀ ਸੇਵਾ ਲਾਈ ਗਈ ਸੀ ਜੋ ਇਨ੍ਹਾਂ ਨੇ ਨਿਭਾ ਦਿਤੀ ਹੈ। ਆਸ ਹੈ ਕਿ ਸ਼ਸਤ੍ਰ ਵਿਦਿਆ ਦੇ ਸ਼ੌਕੀਨ ਇਸ ਤੋਂ ਲਾਭ ਉਠਾਉਣਗੇ।

**ਜਥੇਦਾਰ ਬਾਬਾ ਸੰਤਾ ਸਿੰਘ ਜੀ ਅਕਾਲੀ**
ਬੁੱਢਾ ਦਲ ਪੰਜਵਾਂ ਤਖਤ ਦਮਦਮਾ ਸਾਹਿਬ



## ਬਾਬਾ ਗਿਆਨ ਸਿੰਘ ਜੀ ਸੁਤੰਤ੍ਰ ਪ੍ਰਤੀ ਜਾਣਕਾਰੀ

ਇਨਸਾਨ ਵਿਚ ਉਚਤੱਮ ਗੁਣ ਬਚਪਨ ਤੋਂ ਹੀ ਉਤਪਨ ਹੋ ਜਾਂਦੇ ਹਨ, ਜਵਾਨੀ ਤੇ ਜ਼ਿੰਦਗੀ ਦਾ ਤਜ਼ਰਬਾ ਇਸਨੂੰ ਸਰਬ ਸ੍ਰੇਸ਼ਟ ਗੁਣਾਂ ਦਾ ਕੋਸ਼ ਹੀ ਨਹੀਂ ਬਣਾਉਂਦਾ ਸਗੋਂ ਅਧਿਆਪਕ ਬਣ ਕੇ ਬੇਅੰਤ ਸਿਖਾਂਦਰੂ ਵੀਰਾਂ ਨੂੰ ਕਲਾ ਤੇ ਗਿਆਨ ਬੋਧ ਨਾਲ ਸ਼ਿੰਗਾਰਦਾ ਹੈ, ਅਜੇਹੇ ਸੱਜਣ ਬਹੁਤੇ ਨਹੀਂ ਹੁੰਦੇ. ਪ੍ਰੰਤੂ ਸਮੇਂ ਸਮੇਂ, ਇਹਨਾਂ ਦੀ ਹੋਂਦ ਜ਼ਰੂਰ ਰਹਿੰਦੀ ਹੈ। ਅਜੇਹੇ ਹੀ ਮਹਾਂ ਪੁਰਸ਼ਾਂ ਵਿਚੋਂ ਬੁੱਢਾ ਦਲ ਦੇ ਸੇਵਕ, ਸ਼ਸਤ੍ਰ ਵਿਦਿਆ ਦੇ ਨਿਪੁੰਨ ਹਨ, ਬਾਬਾ ਗਿਆਨ ਸਿੰਘ ਜੀ ਸੁਤੰਤ੍ਰ, ਜਿਹਨਾਂ ਸਬੰਧੀ ਜਾਣਕਾਰੀ ਇਸ ਤਰ੍ਹਾਂ ਹੈ :—

ਇਨ੍ਹਾਂ ਸੱਤ੍ਰਾਂ ਦਾ ਲਿਖਾਰੀ, ਸ੍ਰੋ: ਮਾਲਵਾ ਖਾਲਸਾ ਦੀਵਾਨ, ਦੇ ਅਧੀਨ ਚਲ ਰਹੇ ਅਖਬਾਰ ਨਾਲ ਸਬੰਧਤ ਪ੍ਰੈਸ, ਮਲਵਈ ਬੁੰਗਾ, ਅੰਮ੍ਰਿਤਸਰ ਵਿਖੇ ਰਹਿੰਦਾ ਸੀ। ਬੁਰਜ ਅਕਾਲੀ ਫੂਲਾ ਸਿੰਘ ਵਿਖੇ, ਸ਼ਸਤ੍ਰਧਾਰੀ ਗੱਤਕਈ ਜਵਾਨਾਂ ਦਾ ਹਰ ਹਫਤੇ ਅਖਾੜੇ ਵਿਚ ਕਲਾਕਾਰਾਂ

ਦੇ ਜੌਹਰ ਵੇਖਣ ਦਾ ਮੌਕਾ ਮਿਲਦਾ; ਉਂਜ ਤਾਂ ਹਰ ਖਿਲਾੜੀ, ਕਲਾ ਦੇ ਵਿਰਸੇ ਦਾ ਸੂਚਕ ਸੀ, ਪਰ ਗਿਆਨ ਸਿੰਘ ਦੀ ਚਿੱਤਨ ਕਲਾ ਤੇ ਫੁਰਤੀ ਸਾਰਿਆਂ ਤੇ ਹਾਵੀ ਹੁੰਦੀ ਅਤੇ ਦਰਸ਼ਕਾਂ ਵਲੋਂ ਉਤਸ਼ਾਹ ਭਰੀ ਸਰਾਹਣਾ ਨਾਲ ਇਨ੍ਹਾਂ ਦੀ ਹੌਸਲਾ ਅਫਜਾਈ ਕੀਤੀ ਜਾਂਦੀ। ਸਮੇਂ ਦੇ ਗੇੜ ਨਾਲ, ਸੁਰਗਵਾਸੀ ਸਿੰਘ ਸਾਹਿਬ ਜਥੇਦਾਰ ਬਾਬਾ ਚੇਤ ਸਿੰਘ ਜੀ ਦੀ ਪ੍ਰੇਰਨਾ ਨਾਲ ਬੁੱਢਾ ਦਲ ਵਿਚ ਭਰਤੀ ਹੋ ਕੇ ਲਿਖਤ ਪੜ੍ਹਤ ਦੀ ਸੇਵਾ ਕਰਨ ਦਾ ਮੌਕਾ ਮਿਲਿਆ, ਤਾਂ ਮੈਨੂੰ ਪਤਾ ਲੱਗਾ ਕਿ ਬਾਬਾ ਗਿਆਨ ਸਿੰਘ ਜੀ ਨਿਹੰਗ ਸਿੰਘ (ਸੁਤੰਤਰ) ਕੇਵਲ ਸ਼ਸਤ੍ਰ ਵਿਦਿਆ ਦੇ ਹੀ ਉਸਤਾਦ ਨਹੀਂ ਸਗੋਂ ਮਹਾਨ ਵਿਦਵਾਨ ਅਤੇ ਖੋਜੀ ਭੀ ਹਨ। ਪੁਰਾਤਨ ਬੀੜਾਂ ਦੇ ਦਰਸ਼ਨ ਕਰਕੇ, ਪਾਠੰਤ੍ਰ ਭੇਦ (ਪਾਠਾਂ) ਦਾ ਸੰਗ੍ਰਹਿ ਕਰਕੇ ਵਡਮੁੱਲੀ ਸੇਵਾ ਕੀਤੀ ਅਤੇ ਕਰ ਰਹੇ ਹਨ।

ਯਾਦ ਰਹੇ ਕਿ ਸ਼੍ਰੋਮਣੀ ਗੁ: ਪ੍ਰ: ਕਮੇਟੀ ਵਲੋਂ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੀ ਪ੍ਰਕਾਸ਼ਨਾ ਸਬੰਧੀ ਬਣੀ ਕਮੇਟੀ ਦੇ ਇਹ ਬੁੱਢਾ ਦਲ ਵਲੋਂ ਮੁਢਲੇ ਮੈਂਬਰ ਹਨ, ਪਾਠੰਤ੍ਰ ਭੇਦਾਂ ਦੀ ਖੋਜ ਪ੍ਰਤੀ ਇਨ੍ਹਾਂ ਸ਼੍ਰੋਮਣੀ ਗੁ: ਪ੍ਰਬੰਧਕ ਕਮੇਟੀ ਨੂੰ ਪੂਰਨ ਸਹਿਯੋਗ ਦਿਤਾ ਹੈ; ਜਿਸ ਕਾਰਨ ਇਨ੍ਹਾਂ ਦੀ ਰਾਇ ਦੀ ਹਰ ਪੱਖ ਤੋਂ ਕਦਰ ਕੀਤੀ ਜਾਂਦੀ ਹੈ।

ਇਹ ਜਾਣ ਕੇ ਮੈਨੂੰ ਖੁਸ਼ੀ ਹੋਈ ਹੈ ਕਿ ਆਪ ਜੀ ਨੇ ਆਪਣੇ ਸ਼ਸਤ੍ਰ ਵਿਦਿਆ ਦੇ ਤਜਰਬੇ ਦੇ ਆਧਾਰ ਤੇ ਇਕ ਪੁਸਤਕ ਦੀ ਰਚਨਾ ਕੀਤੀ ਹੈ, ਜਿਸ ਤੋਂ ਨਿਹੰਗ ਸਿੰਘ ਫੌਜਾਂ ਅਤੇ ਗੱਤਕਈ ਜਵਾਨਾਂ ਨੂੰ ਇਸ ਲਿਖਤ ਤੋਂ ਭਾਰੀ ਲਾਭ ਮਿਲੇਗਾ।

**ਗਿ: ਕਿਹਰ ਸਿੰਘ ਲਿਖਾਰੀ**
ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ



## ਸ਼ਸਤ੍ਰ ਵਿਦਿਆ ਦੇ ਕਾਮਿਲ ਉਸਤਾਦ

ਸ਼ਸਤ੍ਰ ਵਿਦਿਆ ਨਾਮਾ ਪੁਸਤਕ ਦੇ ਲੇਖਕ ਬਾਬਾ ਗਿਆਨ ਸਿੰਘ ਨਿਹੰਗ ਸਿੰਘ ਸੁਤੰਤ੍ਰ, ਪੰਥ ਪ੍ਰਸਿਧ ਸ਼ਸਤ੍ਰ ਕਲਾ, ਗੱਤਕਈ ਪੈਂਤੜੇ ਦੀ ਫੁਰਤੀ ਅਤੇ ਤੀਰ ਅੰਦਾਜੀ ਦੇ ਕਾਮਿਲ ਉਸਤਾਦ ਹਨ। ਇਹਨਾਂ ਨੇ ਆਪਣੇ ਬਚਿੱਤ੍ਰ ਗੁਣ ਨਾਲ ਹਜ਼ਾਰਾਂ ਸਿੰਘਾਂ ਨੂੰ "ਡੀਫੈਂਸ ਐਂਡ ਉਫੈਂਸ" ਭਾਵ (ਵਾਰ ਅਤੇ ਰੋਕ) ਦੀ ਸਿਖਲਾਈ, ਚੇਤੰਨ, ਚੁਸਤ-ਓ-ਚਾਲਾਕ ਕਲਾ ਸਹਿਤ ਨਿਪੁੰਨ ਕੀਤਾਹੈ। ਇਹਨਾਂ ਨੇ ਆਪਣੀ ਜ਼ਿੰਦਗੀ ਦੀ ਕਲਾਵੰਤ ਅਨੁਭਵੀ ਭਾਵਨਾ ਦੇ ਆਧਾਰ ਤੇ ਲਿਖਤੀ ਰੂਪ ਵਿਚ ਸਪਸ਼ਟ ਨਿਸ਼ਾਨੇ ਤੇ ਪੈਂਤੜੇ, ਪ੍ਰਤੱਖ ਸਿਖਲਾਈ ਦੇ ਢੰਗ ਵਿਸਥਾਰ ਨਾਲ ਇਸ ਪੁਸਤਕ ਵਿਚ ਦਿਤੇ ਹਨ। ਬਾਲ ਫੁਲਵਾੜੀ, ਸ਼ਸਤ੍ਰ ਵਿਦਿਆ ਦੇ ਇੱਛਕ ਇਸ ਪੁਸਤਕ ਤੋਂ ਕਾਫੀ ਲਾਭ ਉਠਾ ਸਕਦੇ ਹਨ। ਇਹਨਾਂ ਦੀ ਸਫਲ ਸੇਵਾ ਦੇ ਕਾਰਨ ਇਨ੍ਹਾਂ ਦਾ ਪੰਥ ਵਿਚ ਖਾਸ ਮੁਕਾਮ ਹੈ।

**ਭਾਈ ਰਣਜੋਧ ਸਿੰਘ ਹਜ਼ੂਰੀ ਸੇਵਕ**
ਬੁੱਢਾ ਦਲ ਪੰਜਵਾਂ ਤਖਤ

ਦੇਗ ਤੇਗ ਫਤਿਹ ॥

ੴ ਸ੍ਰੀ ਵਾਹਿਗੁਰੂ ਜੀ ਕੀ ਫਤਹਿ ॥

ਅਸਿ ਕ੍ਰਿਪਾਨ ਖੰਡੋ ਖੜਗ ਤੁਪਕ ਤਬਰ ਅਰੁ ਤੀਰ ॥
ਸੈਫ ਸਰੋਹੀ ਸੈਹਥੀ ਯਹੈ ਹਮਾਰੈ ਪੀਰ ॥
ਤੀਰ ਤੁਹੀ ਸੈਥੀ ਤੁਹੀ, ਤੁਹੀ ਤਬਰ ਤਰਵਾਰ ॥
ਨਾਮ ਤਿਹਾਰੋ ਜੋ ਜਪੈ ਭਏ ਸਿੰਧ ਭਵ ਪਾਰ ॥

ਸਵੱਯਾ

ਦੇਹ ਸ਼ਿਵਾ ਬਰ ਮੋਹਿ ਇਹੈ,
ਸ਼ੁਭ ਕਰਮਨ ਤੇ ਕਬਹੂੰ ਨ ਟਰੋਂ ॥
ਨ ਡਰੋਂ ਅਰਿ ਸੋ ਜਬ ਜਾਇ ਲਰੌਂ
ਨਿਸਚੈ ਕਰਿ ਅਪਨੀ ਜੀਤ ਕਰੋਂ ॥
ਅਰੁ ਸਿਖਹੌਂ ਅਪਨੇ ਹੀ ਮਨ ਕੋ,
ਇਹ ਲਾਲਚ ਹਉਂ ਗੁਨ ਤਉ ਉਚਰੋਂ ॥
ਜਬ ਆਵ ਕੀ ਅਉਧ ਨਿਦਾਨ ਬਨੈ,
ਅਤਿ ਹੀ ਰਨ ਮੈ ਤਬ ਜੂਝ ਮਰੋਂ ॥



# ਸ਼ਸ਼ਤ੍ਰ ਵਿਦਿਆ

ਪ੍ਰੋ: ਪਿਆਰਾ ਸਿੰਘ ਪਦਮ
ਪੰਜਾਬੀ ਯੂਨੀਵਰਸਿਟੀ—ਪਟਿਆਲਾ

ਜਦੋਂ ਗੁਰੂ ਗੋਬਿੰਦ ਸਿੰਘ ਜੀ ਨੇ ਸਿਖਾਂ ਨੂੰ ਸਿੰਘ ਸਜਾਇਆ ਤਾਂ ਸਭ ਤੋਂ ਪਹਿਲੇ ਇਹ ਹਦਾਇਤ ਕੀਤੀ ਕਿ ਹਰ ਸਿੰਘ, ਸ਼ਸਤ੍ਰਧਾਰੀ ਹੋਵੇ। ਸ਼ਸਤ੍ਰਾਂ ਨਾਲ ਹੀ ਸ੍ਵੈਰੱਖਿਆ ਕੀਤੀ ਜਾ ਸਕਦੀ ਹੈ ਤੇ ਸ਼ਸਤਰਾਂ ਦੀ ਸ਼ਕਤੀ ਆਸਰੇ ਹੀ ਦੁਸ਼ਟ ਦੋਖੀਆਂ ਤੋਂ ਆਮ ਪਰਜਾ ਨੂੰ ਬਚਾਇਆ ਜਾ ਸਕਦਾ ਹੈ। ਜੇਕਰ ਗੁਲਾਮੀ ਦੇ ਬੰਧਨ ਕੱਟਣੇ ਹਨ ਤਾਂ ਵੀ ਸ਼ਸਤ੍ਰ ਹੀ ਕੰਮ ਆਉਣਗੇ ਤੇ ਜੇ ਸ੍ਵੈਮਾਨ ਤੇ ਅਣਖ ਦਾ ਜੀਵਨ ਬਸਰ ਕਰਕੇ ਆਜ਼ਾਦੀ ਦਾ ਰੰਗ ਮਾਨਣਾ ਹੈ ਤਾਂ ਵੀ ਕਦਮ ਕਦਮ ਤੇ ਸ਼ਸਤ੍ਰਾਂ ਦੀ ਲੋੜ ਪਵੇਗੀ। ਗੁਰੂ ਸਾਹਿਬਾਨ ਨੇ ਚੰਗੀ ਤਰ੍ਹਾਂ ਅਨੁਭਵ ਕਰਾ ਦਿਤਾ ਸੀ ਕਿ ਜਿਤਨਾ ਚਿਰ ਸਾਰਾ ਭਾਰਤ ਸ਼ਸਤ੍ਰਧਾਰੀ ਨਹੀਂ ਬਣਦਾ ਉਤਨਾ ਚਿਰ ਬਿਦੇਸੀ ਜਰਵਾਣਿਆਂ ਨੂੰ ਇਥੋਂ ਕੱਢਿਆ ਨਹੀਂ ਜਾ ਸਕਦਾ।

ਇਸੇ ਕਰਕੇ ਉਨ੍ਹਾਂ ਆਪਣੇ ਸਿਖਾਂ ਨੂੰ ਬਾਰ ਬਾਰ ਹਦਾਇਤ ਕੀਤੀ ਕਿ ਚੰਗੇ ਸ਼ਸਤ੍ਰ ਧਾਰਨ ਕਰੋ ਤੇ ਸ਼ਸਤ੍ਰ ਵਿਦਿਆ ਵਿਚ ਨਿਪੁਣ ਹੋਵੋ, ਇਹੋ ਆਜ਼ਾਦੀ ਦੀ ਕੁੰਜੀ ਹੈ :—

'ਤਬ ਇਮ ਭਨਯੋ ਗਰੀਬ ਨਿਵਾਜ਼—
ਸ਼ਸਤ੍ਰਨ ਕੇ ਅਧੀਨ ਹੈ ਰਾਜ।'

'ਪੁਨੰ ਸੰਗ ਸਾਰੇ ਪ੍ਰਭੂ ਜੀ ਸੁਨਾਈ।
ਬਿਨਾ ਤੇਗ ਤੀਰੰ ਰਹੋ ਨਾਹਿ ਭਾਈ।
ਬਿਨਾ ਸ਼ਸਤ੍ਰ ਕੇਸੰ ਨਰੰ ਭੇਡ ਜਾਨੋ।
ਗਹੇ ਕਾਨ ਤਾਂ ਕੇ, ਕਿਤੈ ਲੇ ਸਿਧਾਨੋ।
ਇਹੋ ਮੋਰ ਆਗਯਾ ਸੁਨੋ ਲੇ ਪਿਆਰੇ।
ਬਿਨਾ ਤੇਗ ਕੇਸੰ ਦਿਵੋ ਨ ਦੀਦਾਰੇ।'

[ਗੁਰ ਬਿਲਾਸ-ਭਾਈ ਸੁਖਾ ਸਿੰਘ]

'ਯਾਂਤੇ ਸਰਬ ਖਾਲਸਾ ਸੁਨੀਅਹਿ
ਆਯੁਧ ਧਰਬੇ ਉਤਮ ਗੁਨੀਅਹਿ
ਜਬ ਹਮਰੇ ਦਰਸ਼ਨ ਕੋ ਆਵਹੁ
ਬਨ ਸੁਚੇਤ ਤਨ ਸ਼ਸਤ੍ਰ ਸਜਾਵਹੁ।'

[ਗੁਰ ਪ੍ਰਤਾਪ ਸੂਰਜ, ਰੁਤ ੩, ਅਧਿਆਇ ੨੩]

ਰਹਿਤਨਾਮਿਆਂ ਵਿਚ ਵੀ ਸ਼ਸਤ੍ਰਧਾਰੀ ਹੋਣ ਬਾਰੇ ਬਾਰ ਬਾਰ ਤਾਕੀਦ ਕੀਤੀ ਮਿਲਦੀ ਹੈ :—



'ਕੱਛ ਕ੍ਰਿਪਾਨ ਨ ਕਬਹੂੰ ਤਿਆਗੈ
ਸਨਮੁਖ ਲਰੈ ਨ ਰਣ ਤੇ ਭਾਗੈ
ਸ਼ਸਤਰ ਹੀਨ ਨ ਕਬਹੂੰ ਹੋਈ
ਰਹਿੱਤ-ਵੰਤ ਖਾਲਸਾ ਸੋਈ।'

[ਰਹਿਤਨਾਮਾ ਭਾਈ ਦੇਸਾ ਸਿੰਘ]

'ਖਾਲਸਾ ਸੋ ਜੋ ਚੜ੍ਹਹਿ ਤੁਰੰਗ
ਖਾਲਸਾ ਸੋ ਜੋ ਕਰਹਿ ਨਿਤ ਜੰਗ
ਖਾਲਸਾ ਸੋ ਸ਼ਸਤ੍ਰ ਕਉ ਧਾਰੈ
ਖਾਲਸਾ ਸੋ ਦੁਸ਼ਟ ਕਉ ਮਾਰੈ।'

[ਤਨਖਾਹ ਨਾਮਾ ਭਾਈ ਨੰਦ ਲਾਲ]

ਜਦੋਂ ਅਸੀਂ ਦੇਖਦੇ ਹਾਂ, ਸਿਖ ਇਤਿਹਾਸ ਵਿਚ ਬਾਰ ਬਾਰ ਸ਼ਸਤ੍ਰਧਾਰੀ ਹੋਣ ਦਾ ਆਦੇਸ਼ ਹੈ। ਪਰ ਇਕੱਲੇ ਸ਼ਸਤ੍ਰ ਕੀ ਕਰ ਸਕਦੇ ਹਨ ਜੇ ਇਨ੍ਹਾਂ ਨੂੰ ਚਲਾਉਣ ਦੀ ਜਾਚ ਨਾ ਹੋਵੇ। ਸੋ ਖਾਲਸੇ ਲਈ ਸ਼ਸਤ੍ਰ ਵਿਦਿਆ ਵਿਚ ਨਿਪੁਣ ਹੋਣਾ ਬੜਾ ਹੀ ਜ਼ਰੂਰੀ ਹੈ। ਪੁਰਾਤਨ ਸਿੰਘ ਗੱਤਕਾ ਤੇ ਮਲਟੀ ਫੇਰ ਕੇ ਤੇਗ ਚਲਾਉਣ ਦਾ ਅਭਿਆਸ ਕਰਦੇ ਸਨ ਤੇ ਇਸੇ ਤਰ੍ਹਾਂ ਤੀਰੰਦਾਜ਼ੀ ਸਿਖਣ ਲਈ ਕੋਈ ਵਿਦਿਆ-ਗੁਰੂ ਧਾਰ ਕੇ ਬਾਕਾਇਦਾ ਸਿਖਲਾਈ ਲੈਂਦੇ ਸਨ ਤਾਂ ਕਿਤੇ ਤੀਰ ਚਲਾਉਣ ਦੀ ਜਾਚ ਆਉਂਦੀ ਸੀ।

ਇਸੇ ਤਰ੍ਹਾਂ ਬੰਦੂਕ ਚਲਾਉਣਾ ਸਿਖਣ ਲਈ ਵੀ ਚੰਗੀ ਮਿਹਨਤ ਕਰਨੀ ਪੈਂਦੀ ਸੀ। ਬਰਛੀ, ਸੇਲਾ, ਨੇਜ਼ਾ ਤੇ ਕਟਾਰ ਵਗੈਰਾ ਚਲਾਉਣ

ਦਾ ਵੱਖ ਵੱਖ ਤਰ੍ਹਾਂ ਦਾ ਹੁਨਰ ਸੀ ਤੇ ਚੰਗੇ ਸੂਰਮੇਂ ਹਰ ਸ਼ਸਤ੍ਰ ਚਲਾ-ਉਣ ਦੀ ਵਿਦਿਆ ਸਿਖਦੇ ਸਨ ।

ਅਠਾਰ੍ਹਵੀਂ ਸਦੀ ਦੇ ਸੰਕਟਾਂ-ਭਰੇ ਹਾਲਾਤ ਨੇ ਸਾਰੀ ਸਿਖ ਕੌਮ ਨੂੰ ਜੋਧਿਆਂ ਦੀ ਕੌਮ ਬਣਾ ਦਿਤਾ ਤੇ ਖਾਲਸੇ ਦਾ ਬੱਚਾ ਬੱਚਾ ਸ਼ਸਤ੍ਰ ਵਿਦਿਆ ਵਿਚ ਤਾਕ ਹੋ ਗਿਆ ਤੇ ਇਹੋ ਵਿਦਿਆ ਸਿੰਘਾਂ ਵਿਚ ਸੀਨੇ ਬਸੀਨੇ ਚਲੀ ਆਉਂਦੀ ਰਹੀ । ਖਾਸ ਕਰਕੇ ਢਾਲ ਤਲਵਾਰ ਵਿਦਿਆ ਤੇ ਤੀਰ ਵਿਦਿਆ ਦੀ ਵਧੇਰੇ ਮਹਾਨਤਾ ਸੀ ।

ਅਜ ਕਲ ਆਮ ਸਿਖ ਇਸ ਵਿਦਿਆ ਤੋਂ ਜਾਣੂ ਨਹੀਂ, ਕੇਵਲ ਨਿਹੰਗ ਸਿੰਘਾਂ ਦੇ ਦਲ ਵਿਚ ਕੁਝ ਐਸੇ ਪੁਰਾਤਨ ਸਿੰਘ ਹਨ ਜੋ ਇਸ ਵਿਦਿਆ ਤੋਂ ਜਾਣੂ ਹਨ । ਬਾਬਾ ਗਿਆਨ ਸਿੰਘ ਸੁਤੰਤਰ ਐਸੇ ਹੀ ਵਿਅਕਤੀ ਹਨ ਜੋ ਸ਼ਸਤ੍ਰ ਵਿਦਿਆ ਵਿਚ ਚੰਗੀ ਮੁਹਾਰਤ ਰਖਦੇ ਹਨ ਤੇ ਇਹਨਾਂ ਪਿਛਲੇ ੩੦-੪੦ ਸਾਲਾਂ ਵਿਚ ਸੈਂਕੜੇ ਸਿੰਘਾਂ ਨੂੰ ਤੇਗ ਵਾਹੁਣ ਦਾ ਵਲ ਸਿਖਾਇਆ ਹੈ । ਅਜ ਬੁੱਢਾ ਦਲ ਵਿਚ ਦਰਜਨਾਂ ਸ਼ਸਤ੍ਰਧਾਰੀ ਸਿੰਘ ਮਿਲਣਗੇ ਜੋ ਇਨ੍ਹਾਂ ਤੋਂ ਸਿਖਿਆਂ ਪਾ ਕੇ ਇਸ ਵਿਦਿਆ ਵਿਚ ਨਿਪੁਣ ਹੋਏ ਤੇ ਸ਼ਸਤ੍ਰਾਂ ਦੇ ਚਮਤਕਾਰ ਦਿਖਾਉਂਦੇ ਹਨ ।

੦ ੦ ੦ ੦



ੴ ਵਾਹਿਗੁਰੂ ਜੀ ਕੀ ਫਤੇ ॥

ਸਭ ਤੋਂ ਪਹਿਲਾਂ ਸ਼ਸਤ੍ਰ-ਵਿਦਿਆ ਦਾ ਮੂਲ ਮੰਤ੍ਰ ਪੜ੍ਹਨਾ ਚਾਹੀਦਾ ਹੈ । ਜੋ ਗੁਰਮੁਖ ਸ਼ਸਤ੍ਰ ਵਿਦਿਆ ਸਿੱਖਣਾ ਅਰੰਭ ਕਰੇ, ਉਸ ਦਾ ਫਰਜ਼ ਹੈ ਕਿ ਮੂਲ ਮੰਤ੍ਰ ਕੰਠ ਕਰਕੇ ਜ਼ਰੂਰ ਹੀ ਨਿਤਨੇਮ ਨਾਲ ਪੜ੍ਹਿਆ ਕਰੇ । ਜੋ ਸਿੰਘ ਸਾਹਿਬ ਗੁਰਮੁਖ ਨਿਤਨੇਮ ਨਾਲ ਪਾਠ ਕਰੇਗਾ ਉਸ ਸਿੰਘ ਨੂੰ ਦਾਤੇ ਮਹਾਂ ਅਕਾਲ ਦੇ ਖਜ਼ਾਨੇ ਵਿਚੋਂ ਆਦਿ ਸ਼ਕਤੀ ਪ੍ਰਾਪਤ ਹੋਵੇਗੀ, ਜੋ ਭਰੋਸਾ ਰੱਖੇਗਾ ਤੇ ਬਚਨ ਸਤਿ ਕਰ ਮੰਨੇਗਾ ।

੧ੴ ਸ੍ਰੀ ਵਾਹਿਗੁਰੂ ਜੀ ਕੀ ਫ਼ਤੇ ਹੈ ॥

# ਅਸਤੋਤ੍ਰ ਸ੍ਰੀ ਭਗਉਤੀ ਜੀ ਕਾ (ਪਾਤਸ਼ਾਹੀ ੧੦)

ਭੁਯੰਗ ਪ੍ਰਯਾਤ ਛੰਦ ॥

ਨਮੋ ਸ੍ਰੀ ਭਗਉਤੀ ਬਢੇਲੀ ਸਰੋਹੀ ॥
ਕਰੈ ਏਕ ਤੇ ਦ੍ਵੈ ਮੁਭਟ ਹਾਥ ਸੋਹੀ ॥
ਨਮੋ ਲੋਹ ਪੁੱਤ੍ਰੀ ਅਛੇਹੰ ਰਹੰਤੀ ॥
ਨਮੋ ਜੀਭ ਜੁਆਲਾ ਮੁਖੀ ਜਿਉਂ ਬੋਲੰਤੀ ॥
ਮਹਾਂ ਮਾਨਕੀ ਭਾਨ ਗੰਗਾ ਤਰੰਗੀ ॥
ਭਿਰੈ ਸਾਮੁਹੇ ਮੋਖ ਦਾਤੀ ਅਭੰਗੀ ॥
ਨਮੋ ਤੇਜ ਤਰਵਾਰ ਸ੍ਰੀ ਖੜਗ ਖੰਡਾ ॥
ਮਹਾਂ ਰੁਦ੍ਰ ਰੂਪਾ ਬਿਰੂਪਾ ਪ੍ਰਚੰਡਾ ॥
ਨਮੋ ਤੇਜ ਧਾਰਾ ਦੁਖੰਡਾ ਦੁਧਾਰਾ ॥
ਮਹਾਂ ਸੱਤ੍ਰ ਬਨ ਕੋ ਮਹਾਂ ਭੀਮ ਆਰਾ ॥
ਮਹਾਂ ਲੋਹ ਕੀ ਕਾਲਕਾ ਕਾਲ ਕਰੁੱਧੀ ॥
ਮਹਾਂ ਬਿਗ੍ਰਹੀ ਬੁਧਿ ਕੀ ਸਿਧੰ ਅਰੁਧੀ ॥
ਮਹਾਂ ਪਾਤਨੀ ਤੂੰ ਪ੍ਰਲੈ ਕਾਲ ਕਰਤੀ ॥
ਮਹਾਂ ਅਤ੍ਰ ਤੂ ਹੀ ਮਹਾਂ ਸੱਤ੍ਰ ਹਰਤੀ ॥



ਮਹਾਂ ਕਾਲ ਕੀ ਲਾਟ ਬਿਕ੍ਰਾਲ ਭੀਮਾ ॥
ਬਹੀਂ ਤੱਛ ਮੁੱਛੰ ਕਰੇ ਸੱਤ੍ਰ ਕੀਮਾ ॥
ਨਮੋ ਤੇਜ ਕੀ ਤੇਜਤਾ ਤੇਜ ਵੰਤੀ ॥
ਪ੍ਰਜਾ ਮੰਡਣੀ ਡੰਡਣੀ ਸੱਤ੍ਰ ਹੰਤੀ ॥
ਨਮੋ ਬੀਰ ਬਿਦਿਆਂ ਮਹਾਂ ਬੀਰ ਰੂਪੰ ॥
ਮਹਾਂ ਭੀਰ ਮੈ ਧੀਰ ਦਾਤੀ ਅਨੂਪੰ ॥
ਤੂ ਹੀ ਸੈਫ ਪਟਾ ਮਹਾਂ ਕਾਲ ਕਾਤੀ ॥
ਅਨੁੱਗ ਅਪਨੇ ਕੋ ਅਭੈ ਦਾਨ ਦਾਤੀ ॥
ਜਬੈ ਮਿਯਾਨ ਤੇ ਬੀਰ ਤਹ ਕੋ ਸੜਕੈ ॥
ਪ੍ਰਲੈ ਕਾਲ ਕੇ ਸੱਦ ਬਕੈ ਕੜਕੈ ॥
ਧਸੈ ਖੇਤ ਮੈ ਤੁਹਿ ਲੈ ਹਾਥ ਸੂਰੇ ॥
ਭਿਰੇ ਸਾਮੁਹੇ ਸੁਧ ਸਵੰਤ ਪੂਰੇ ॥
ਕਰੈ ਹਾਥ ਦ੍ਵੈ ਕਾਢ ਕੈ ਮਿਯਾਨ ਮੈ ਤੇ ॥
ਫਤਹ ਪਾਇ ਹੈ ਬੀਰ ਮੈਦਾਨ ਮੈ ਤੇ ॥
ਕਟਕ ਸੱਤ੍ਰ ਕੇ ਅਗ੍ਰ ਹ੍ਵੈ ਫਟ ਬਾਹੈ ॥
ਬਰੈ ਦੇਵ ਕੰਨਿਆ ਤੇਊ ਕੰਤ ਚਾਹੈ ॥
ਮਹਾਂ ਸਮਰ ਮੈ ਜੋ ਕਰੈ ਹਾਥ ਜੇਤੇ ॥
ਸੁਰਗ ਬਾਸ ਮੈ ਭੋਗਵੈ ਬਰਖ ਤੇਤੇ ॥
ਸਮਰ ਸਾਮੁਹੇ ਸੀਸ ਤੋ ਪੈ ਚਢਾਵੈ ॥
ਮਹਾਂ ਭੂਪ ਹ੍ਵੈ ਅਵਤਰੈ ਰਾਜ ਪਾਵੈ ॥
ਮਹਾਂ ਭਾਵ ਤੋ ਜੋ ਕਰੇ ਤੋਰ ਪੂਜੰ ॥

ਸਮਰ ਜੀਤ ਕੈ ਬੀਰ ਹ੍ਵੈ ਹੈ ਅਦੂਜੰ ॥
ਤੁਯੰ ਪੂਜ ਹੈ ਬੀਰ ਬਾਨਾਇਤ ਛੱਤ੍ਰੀ ॥
ਮਹਾਂ ਖੜਗਧਾਰੀ ਮਹਾਂ ਤੇਜ ਅੱਤ੍ਰੀ ॥
ਪਢੇ ਪ੍ਰੀਤ ਸੋ ਪ੍ਰਾਤ ਅਸਤੋਤ੍ਰ ਯਾਂ ਕੋ ॥
ਕਰੈ ਰੁਦ੍ਰ ਕਾਲੰ ਨਮਸਕਾਰ ਤਾਂ ਕੋ ॥
ਰੁਦ੍ਰ ਬਿੰਜਨੀ ਮੰਜਨੀ ਹੈ ਅਘਉਤੀ ॥
ਸਦਾ ਜੈ ਸਦਾ ਜੈ ਸਦਾ ਜੈ ਭਗਉਤੀ ॥
ਸਦਾ ਦਾਹਨੇ ਦਾਸ ਕੋ ਦਾਨ ਦੀਜੈ ॥
ਗੁਰੂ ਸ਼ਾਹ ਗੋਬਿੰਦ ਕੀ ਰੱਛ ਕੀਜੈ ॥

ਦੋਹਰਾ ॥

ਅਸਿ ਕ੍ਰਿਪਾਨ ਖੰਡੋ ਖੜਗ ਤੁਪਕ ਤਬਰ ਅਰ ਤੀਰ ॥
ਸੈਫ ਸਰੋਹੀ ਸੈਹਥੀ ਯਹੀ ਹਮਾਰੈ ਪੀਰ ॥
ਤੀਰ ਤੁਹੀ ਸੈਹਥੀ ਤੁਹੀ, ਤੁਹੀ ਤਬਰ ਤਰਵਾਰ ॥
ਨਾਮ ਤਿਹਾਰੋ ਜੋ ਜਪੈ ਭਏ ਸਿੰਧ ਭਵ ਪਾਰ ॥

ਤ੍ਰਿਭੰਗੀ ਛੰਦ ॥

ਖਗ ਖੰਡ ਬਿਹੰਡੰ ਖਲ ਦਲ ਖੰਡੰ ਅਤਿ ਰਣ ਮੰਡੰ ਬਰਬੰਡੰ ॥
ਭੁਜ ਦੰਡ ਅਖੰਡੰ ਤੇਜ ਪ੍ਰਚੰਡੰ ਜੋਤ ਅਮੰਡੰ ਭਾਨ ਪ੍ਰਭੰ ॥
ਸੁਖ ਸੰਤਾ ਕਰਣੰ ਦੁਰਮਤਿ ਦਰਣੰ ਕਿਲਬਿਖ ਹਰਣੰ ਅਸਿ ਸਰਣੰ ॥
ਜੈ ਜੈ ਜਗ ਕਾਰਣ ਸ੍ਰਿਸਟਿ ਉਬਾਰਣ ਮਮ ਪ੍ਰਤਿਪਾਰਣ ਜੈ ਤੇਗੰ ॥
ਸ੍ਰੀ ਜੈ ਤੇਗੰ ॥ [ਬਚਿਤ੍ਰ ਨਾਟਕ]



ਸ੍ਰੀ ਅਨੰਦਪੁਰ ਸਾਹਿਬ ਵਿਖੇ ਜਿਸ ਸਮੇਂ ਗੁਰੂ ਕਲਗੀਧਰ ਦਸਮੇਸ਼ ਪਿਤਾ ਜੀ ਸਿੰਘਾਂ ਨੂੰ ਜੁੱਧਾਂ ਜੰਗਾਂ ਦੇ ਕਰਨ ਵਾਸਤੇ ਸ਼ਸਤ੍ਰ-ਵਿਦਿਆ ਦੇ ਕਰਤੱਵ ਸਿਖਾਉਂਦੇ ਸਨ, ਜੋ ਜ਼ਾਲਮ ਹਕੂਮਤ ਨਾਲ ਸਿੰਘਾਂ ਨੂੰ ਲੜਨ ਵਾਸਤੇ ਤਿਆਰ ਬਰ ਤਿਆਰ ਕਰਦੇ ਸਨ। ਉਸ ਵਕਤ ਭਾਈ ਨੰਦ ਲਾਲ ਜੀ ਗੁਰੂ ਸਾਹਿਬ ਦੀ ਸਾਰੀ ਖੇਡ ਆਪਣੀ ਅੱਖੀਂ ਵੇਖਦੇ ਸਨ ਲੜਾਈ ਦੇ ਕਰਤੱਵਾਂ ਨੂੰ ਫੇਰ ਆਪਣੀ ਰਸਨਾ ਤੋਂ 'ਸਫਾਹ ਨਾਮਾ' ਫਾਰਸੀ ਵਿਚ ਉਚਾਰਨ ਕਰਦੇ ਹਨ ਜੋ ਇਸ ਪ੍ਰਕਾਰ ਹੈ :—

## ਸਫਾਹ ਨਾਮਾ ਭਾਈ ਨੰਦ ਲਾਲ ਜੀ ਦਾ

ਸਫਾਹ ਕੇ ਫਰਯੰਦ ਕੋ ਇਉਂ ਹੈ ਲਾਜਮਾ ॥
ਆਪਨ ਕੋ ਬੀਹ ਬਿਸਵੇ ਕਰ ਰਖਨਾ ॥
ਅਗਰ ਤੁਯੰ ਪਰੀ ਚੁ ਬਾਸਦ—
ਤਿਸੇ ਉਠਾ ਕਰ ਪਲਕ ਨ ਦਿਖਨਾ ॥
ਲੰਗੋਟ ਕਾਛਾ ਕੱਸ ਕਰ ਬਰਜਸ ਬਿਨਾਗੇ ਕਰਨਾ ॥
ਆਪਨ ਕੋ ਬਖਤ੍ਰ ਤੁਰੰਗ ਕੋ ਪਾਖਰ ਸੁਰੰਗ ਕੇ ਮੁਖ ਪਰ ਬਨਾ ਕਰ ਕਸਨਾ ॥
ਅਣੀ ਬਨੇ ਤੋ ਕਮੀ ਨ ਕਰਨਾ ॥
ਹੋਇ ਹਰੋਰ ਆਗੇ ਹੋਇ ਲਰਨਾ ॥

ਨੋਟ :—ਗੱਤਕਾ ਵਿਦਿਆ ਦੇ ਕੁਝ ਮੁਢਲੇ ਗੁਰ ਇਥੇ ਲਿਖੇ ਜਾਂਦੇ ਹਨ ਤਾਂ ਕਿ ਵਿਦਿਆਰਥੀ ਇਸ ਤੋਂ ਸਿਖਿਆ ਲੈ ਸਕੇ।

ਦੋਵਾਂ ਤਰਫਾਂ ਤੋਂ ਤੁਰਕੇ ਚੌਧਰੇ ਪੈਂਤੜੇ ਤੇ ਚਾਰ ਹਥ ਸਾਂਝੇ ਮਾਰ ਕੇ ਕੱਢਣੇ।

ਸੱਜੇ ਪੈਰਾਂ ਤੇ ਸਾਂਝੇ ਤਮਾਚੇ ਕੰਨਾਂ ਤੇ ਮਾਰਨੇ।

ਖੱਬੇ ਪੈਰਾਂ ਤੇ ਸਾਂਝੀਆਂ ਪਲਟਾਂ ਕੰਨਾਂ ਤੇ ਮਾਰਨੀਆਂ।

ਦੋਵਾਂ ਜਾਣਿਆਂ ਨੇ ਪੈਂਤੜਾ ਕੱਢਣਾ ਤੇ ਮੁਖ ਸਿਧੇ ਰਖ ਕੇ ਅਗੇ ਨੂੰ ਦੇਖਣਾ।

ਅਗੇ ਚਾਰ ਪੈਰਾਂ ਦੇ ਅੱਠ ਨਿਸ਼ਾਨ ਇਉਂ ਹਨ।

| | | |
|---|---|---|
| | ਖੱਬਾ ਪੈਰ | ਸੱਜਾ ਪੈਰ |
| ਸਾਂਝਾ ਤਮਾਚਾ ਕੰਨ ਤੇ ਮਾਰਨਾ। | ਸੱਜੇ ਪੈਰ | ਖੱਬੇ ਪੈਰ ਤੇ ਪਲਟ ਸਾਂਝੀ ਕੰਨ ਤੇ ਮਾਰਨੀ। |
| ਤੇ ਪਲਟ ਸਾਂਝੀ ਕੰਨ ਤੇ ਮਾਰਨੀ। | ਖੱਬੇ ਪੈਰ | ਸੱਜੇ ਪੈਰ ਤੇ ਸਾਂਝਾ ਤਮਾਚਾ ਕੰਨ ਤੇ ਮਾਰਨਾ |
| | ਸੱਜਾ ਪੈਰ | ਖੱਬਾ ਪੈਰ |

o o o o



ਚੌਧਰੇ ਪੈਂਤੜੇ ਤੇ ਤੁਰ ਕੇ ਵਾਰੀ ਨਾਲ ਚਾਰ ਹਥ ਮਾਰਨੇ।

੧. ਸਿਰ ਮਾਰ ਕੇ ਸਿਰ ਰੋਕਣਾ। ਸੱਜਾ ਮੋਢਾ ਮਾਰ ਕੇ ਸੱਜਾ ਮੋਢਾ ਰੋਕਣਾ, ਫੇਰ ਚੌਧਰੇ ਪੈਂਤੜੇ ਤੇ ਛੇ ਪੈਰ ਤੁਰਕੇ ਚਾਰ ਹਥ ਮਾਰਨੇ।

੨. ਸਿਰ ਮਾਰ ਕੇ, ਸਿਰ ਰੋਕਣਾ। ਸੱਜਾ ਮੋਢਾ ਮਾਰ ਕੇ, ਸੱਜਾ ਮੋਢਾ ਰੋਕਣਾ, ਫੇਰ ਚੌਧਰੇ ਪੈਂਤੜੇ ਤੇ ਛੇ ਪੈਰ ਦੌੜਕੇ ਚਾਰ ਹਥ ਮਾਰਨੇ।

੩. ਸਿਰ ਮਾਰਕੇ, ਸਿਰ ਰੋਕਣਾ। ਸੱਜਾ ਮੋਢਾ ਮਾਰਕੇ, ਸੱਜਾ ਮੋਢਾ ਰੋਕਣਾ। ਫੇਰ ਚੌਧਰੇ ਪੈਂਤੜੇ ਤੇ ਬੈਠ ਕੇ ਚਾਰ ਪੈਰ ਤੁਰਕੇ ਚਾਰ ਹਥ ਮਾਰਨੇ।

੪. ਸਿਰ ਮਾਰਕੇ, ਸਿਰ ਰੋਕਣਾ। ਸੱਜਾ ਮੋਢਾ ਮਾਰਕੇ; ਸੱਜਾ ਮੋਢਾ ਰੋਕਣਾ। ਫੇਰ ਗੋਲ ਘੇਰੇ ਚੱਕ੍ਰ ਪੈਂਤੜੇ ਤੇ ਤੁਰਕੇ ਚਾਰ ਹਥ ਮਾਰਨੇ। ਇਕ ਜਣਾ ਅਗੇ ਵਧੇ, ਦੂਜਾ ਪਿਛੇ ਹਟੇ।

੫. ਸਿਰ ਮਾਰਕੇ, ਸਿਰ ਰੋਕਣਾ। ਸੱਜਾ ਮੋਢਾ ਮਾਰਕੇ ਸੱਜਾ ਮੋਢਾ ਰੋਕਣਾ। ਫੇਰ ਗੋਲ ਘੇਰੇ ਚੱਕ੍ਰ ਪੈਂਤੜੇ ਤੇ ਅਗੇ ਪਿਛੇ ਦੌੜਕੇ ਚਾਰ ਹਥ ਮਾਰਨੇ।

੬. ਸਿਰ ਮਾਰਕੇ, ਸਿਰ ਰੋਕਣਾ। ਸੱਜਾ ਮੋਢਾ ਮਾਰਕੇ, ਸੱਜਾ ਮੋਢਾ ਰੋਕਣਾ। ਫੇਰ ਗੋਲ ਘੇਰੇ ਚੱਕ੍ਰ ਤੇ ਬਰਾਬਰੋ ਬਰਾਬਰ ਤੁਰਕੇ ਦੌੜ ਕੇ ਬੈਠਕੇ ਚਾਰ ਹਥ ਮਾਰਨੇ।

੭. ਸਿਰ ਮਾਰ ਕੇ, ਸਿਰ ਰੋਕਣਾ। ਸੱਜਾ ਮੋਢਾ ਮਾਰਕੇ, ਸੱਜਾ

ਮੋਢਾ ਰੋਕਣਾ। ਫੇਰ ਸਿਧੇ ਪੁਠੇ ਪੈਂਤੜੇ ਤੁਰਕੇ ਦੌੜਕੇ ਬੈਠ ਕੇ ਚਾਰ ਹਥ ਮਾਰਨੇ।

੮. ਸਿਰ ਮਾਰਕੇ, ਸਿਰ ਰੋਕਣਾ। ਸੱਜਾ ਮੋਢਾ ਮਾਰਕੇ, ਸੱਜਾ ਮੋਢਾ ਰੋਕਣਾ।

o o o o

ਤਿੰਨ ਹਥ ਸਿਧੇ ਪੈਂਤੜੇ ਤੇ ਤੁਰਕੇ ਵਾਰੀ ਨਾਲ ਮਾਰਨੇ, ਇਕ ਜਾਣਾ ਅਗੇ ਵਧੇ, ਦੂਜਾ ਜਾਣਾ ਪਿਛੇ ਹਟੇ।

ਸੱਜੇ ਪੈਰਾਂ ਤੇ ਤਮਾਚਾ ਕੰਨ ਤੇ ਮਾਰੇ ਦੂਜਾ ਰੋਕੇ।
ਖੱਬੇ ਪੈਰਾਂ ਤੇ ਪਲਟ ਕੰਨ ਤੇ ਮਾਰੇ, ਦੂਜਾ ਰੋਕੇ।
ਸੱਜੇ ਪੈਰਾਂ ਤੇ ਤਮਾਚਾ ਸਿਰ ਤੇ ਮਾਰੇ, ਦੂਜਾ ਰੋਕੇ।
ਫੇਰ ਉਤੇ ਸੱਜੇ ਪੈਰਾਂ ਤੇ ਵਾਰੀ ਨਾਲ ਹਥ ਮਾਰਕੇ ਕਢੇ।

o o o o

ਛੇ ਹਥ ਸਿਧੇ ਪੈਂਤੜੇ ਤੇ ਤੁਰਕੇ ਵਾਰੀ ਨਾਲ ਮਾਰਨੇ, ਇਕ ਜਾਣਾ ਅਗੇ ਵਧੇ, ਦੂਜਾ ਜਾਣਾ ਪਿਛੇ ਹਟੇ।

ਸੱਜੇ ਪੈਰਾਂ ਤੇ ਤਮਾਚਾ ਕੰਨ ਤੇ ਮਾਰੇ, ਦੂਜਾ ਰੋਕੇ।
ਖੱਬੇ ਪੈਰਾਂ ਤੇ ਪਲਟ ਕੰਨ ਤੇ ਮਾਰੇ, ਦੂਜਾ ਰੋਕੇ।
ਸੱਜੇ ਪੈਰਾਂ ਤੇ ਤਮਾਚਾ ਸੱਜੇ ਮੋਢੇ ਤੇ ਮਾਰੇ, ਦੂਜਾ ਰੋਕੇ।
ਖੱਬੇ ਪੈਰਾਂ ਤੇ ਪਲਟ ਸੱਜੇ ਮੋਢੇ ਤੇ ਮਾਰੇ, ਦੂਜਾ ਰੋਕੇ।
ਸੱਜੇ ਪੈਰਾਂ ਤੇ ਛਾਤੀ ਤੇ ਹੂਲ ਮਾਰਕੇ ਸਿਰ ਮਾਰੇ, ਦੂਜਾ ਰੋਕੇ।
ਫੇਰ ਦੂਜਾ ਉਤੇ ਸਜੇ ਪੈਰਾਂ ਤੇ ਵਾਰੀ ਨਾਲ ਹਥ ਮਾਰਕੇ ਕਢੇ।

o o o o



ਛੇ ਹਥ ਸਿਧੇ ਪੈਂਤੜੇ ਤੇ ਤੁਰਕੇ ਵਾਰੀ ਨਾਲ ਹਥ ਮਾਰਨੇ, ਇਕ ਜਣਾ ਅਗੇ ਵਧੇ ਦੂਜਾ ਪਿਛੇ ਹਟੇ।

ਸੱਜੇ ਪੈਰਾਂ ਤੇ ਤਮਾਚਾ ਕੰਨ ਤੇ ਮਾਰੇ, ਦੂਜਾ ਰੋਕੇ।
ਖੱਬੇ ਪੈਰਾਂ ਤੇ ਪਲਟ ਕੰਨ ਤੇ ਮਾਰੇ, ਦੂਜਾ ਰੋਕੇ।
ਸੱਜੇ ਪੈਰਾਂ ਤੇ ਤਮਾਚਾ ਸਜੀ ਵਖੀ ਤੇ ਮਾਰੇ ਦੂਜਾ ਰੋਕ।
ਖੱਬੇ ਪੈਰਾਂ ਤੇ ਪਲਟ ਖੱਬੀ ਵਖੀ ਤੇ ਮਾਰੇ, ਦੂਜਾ ਰੋਕੇ।
ਸੱਜੇ ਪੈਰਾਂ ਤੇ ਛਾਤੀ ਤੇ ਹੂਲ ਮਾਰਕੇ ਸਿਰ ਮਾਰੇ ਦੂਜਾ ਰੋਕੇ।
ਫੇਰ ਦੂਜਾ ਉਤੇ ਸਜੇ ਪੈਰਾਂ ਤੇ ਵਾਰੀ ਨਾਲ ਹਥ ਮਾਰਕੇ ਕਢੇ।

o o o o

ਛੇ ਹਥ ਸਿਧੇ ਪੈਂਤੜੇ ਤੇ ਤੁਰ ਕੇ ਵਾਰੀ ਨਾਲ ਹਥ ਮਾਰਨੇ। ਇਕ ਜਣਾ ਅੱਗੇ ਵਧੇ ਦੂਜਾ ਪਿਛੇ ਹਟੇ।

ਸੱਜੇ ਪੈਰਾਂ ਤੇ ਤਮਾਚਾ ਕੰਨ ਤੇ ਮਾਰੇ ਦੂਜਾ ਰੋਕੇ।
ਖੱਬੇ ਪੈਰਾਂ ਤੇ ਪਲਟ ਕੰਨ ਤੇ ਮਾਰੇ ਦੂਜਾ ਰੋਕੇ।
ਸੱਜੇ ਪੈਰਾਂ ਤੇ ਤਮਾਚਾ ਸੱਜੇ ਪੱਟ ਤੇ ਮਾਰੇ ਦੂਜਾ ਰੋਕੇ।
ਖੱਬੇ ਪੈਰਾਂ ਤੇ ਪਲਟ ਖੱਬੇ ਪੱਟ ਤੇ ਮਾਰੇ ਦੂਜਾ ਰੋਕੇ।
ਖੱਬੇ ਪੈਰਾਂ ਤੇ ਛਾਤੀ ਤੇ ਹੂਲ ਮਾਰ ਕੇ ਸਿਰ ਮਾਰੇ ਦੂਜਾ ਰੋਕੇ।
ਫੇਰ ਦੂਜਾ ਉਤੇ ਸੱਜੇ ਪੈਰਾਂ ਤੇ ਵਾਰੀ ਨਾਲ ਹੱਥ ਮਾਰ ਕੇ ਕਢੇ।

o o o o

ਛੇ ਹਥ ਸਿਧੇ ਪੈਂਤੜੇ ਤੇ ਤੁਰ ਕੇ ਵਾਰੀ ਨਾਲ ਹਥ ਮਾਰਨੇ। ਇਕ ਜਣਾ ਅੱਗੇ ਵਧੇ ਦੂਜਾ ਜਣਾ ਪਿਛੇ ਹਟੇ।

ਸਜੇ ਪੈਰਾਂ ਤੇ ਤਮਾਚਾ ਕੰਨ ਤੇ ਮਾਰੇ ਦੂਜਾ ਰੋਕੇ।

ਖੱਬੇ ਪੈਰਾਂ ਪਲਟ ਕੰਨ ਤੇ ਮਾਰੇ ਦੂਜਾ ਰੋਕੇ।

ਸਜੇ ਪੈਰਾਂ ਤੇ ਤਮਾਚਾ ਸਜੇ ਗੋਡੇ ਤੇ ਮਾਰੇ ਦੂਜਾ ਰੋਕੇ।

ਖਬੇ ਪੈਰਾਂ ਤੇ ਪਲਟ ਖਬੇ ਗੋਡੇ ਤੇ ਮਾਰੇ ਦੂਜਾ ਰੋਕੇ।

ਸਜੇ ਪੈਰਾ ਤੇ ਛਾਤੀ ਤੇ ਹੂਲ ਮਾਰ ਕੇ ਸਿਰ ਮਾਰੇ ਦੂਜਾ ਰੋਕੇ।

ਫੇਰ ਦੂਜਾ ਉਤੇ ਸਜੇ ਪੈਰਾਂ ਤੇ ਵਾਰੀ ਨਾਲ ਹਥ ਮਾਰ ਕੇ ਕੱਢੇ।

o o o o

ਛੇ ਹਥ ਸਿਧੇ ਪੈਂਤੜੇ ਤੇ ਤੁਰ ਕੇ ਵਾਰੀ ਨਾਲ ਹੱਥ ਮਾਰਨੇ। ਇਕ ਜਣਾ ਅੱਗੇ ਵਧੇ ਦੂਜਾ ਜਣਾ ਪਿਛੇ ਹਟੇ।

ਸਜੇ ਪੈਰਾਂ ਤੇ ਤਮਾਚਾ ਕੰਨ ਤੇ ਮਾਰੇ, ਦੂਜਾ ਰੋਕੇ।

ਫੇਰ ਬੈਠ ਕੇ ਖਬੇ ਪੈਰਾਂ ਤੇ ਪਲਟ ਕੰਨ ਤੇ ਮਾਰੇ ਦੂਜਾ ਰੋਕੇ।

ਸਜੇ ਪੈਰਾਂ ਤੇ ਤਮਾਚਾ ਸਜੇ ਗਿਟੇ ਤੇ ਮਾਰੇ ਦੂਜਾ ਰੋਕੇ।

ਖਬੇ ਪੈਰਾਂ ਤੇ ਭਲਟ ਖੱਬੇ ਗਿਟੇ ਤੇ ਮਾਰੇ ਦੂਜਾ ਰੋਕੇ।

ਸਜੇ ਪੈਰਾਂ ਤੇ ਉਠ ਕੇ ਧੁੰਨੀ ਤੇ ਹੂਲ ਮਾਰ ਕੇ ਸਿਰ ਮਾਰੇ ਦੂਜਾ ਰੋਕੇ।

ਫੇਰ ਦੂਜਾ ਉਤੇ ਸਜੇ ਪੈਰਾਂ ਤੇ ਵਾਰੀ ਨਾਲ ਹਥ ਮਾਰ ਕੇ ਕੱਢੇ।

o o o o



ਛੇ ਹਥ ਸਿਧੇ ਪੈਂਤੜੇ ਤੇ ਤੁਰ ਕੇ ਵਾਰੀ ਨਾਲ ਮਾਰਨੇ। ਇਕ ਜਣਾ ਅਗੇ ਵਧੇ ਦੂਜਾ ਜਣਾ ਪਿਛੇ ਹਟੇ।

ਇਕ ਜਣਾ ਥਲਿਉ ਚੱਡਿਆਂ ਵਿਚ ਚੀਰ ਮਾਰੇ ਦੂਜਾ ਜਣਾ ਰੋਕੇ।

ਸੱਜੇ ਪੇਰਾਂ ਤੇ ਤਮਾਚਾ ਸੱਜਾ ਚੀਰ ਮਾਰੇ ਦੂਜਾ ਰੋਕੇ।

ਖੱਬੇ ਪੈਰਾਂ ਤੇ ਪਲਟ ਖੱਬਾ ਚੀਰ ਮਾਰੇ ਦੂਜਾ ਰੋਕੇ।

ਸੱਜੇ ਪੈਰਾਂ ਤੇ ਧੁੰਨੀ ਤੇ ਹੂਲ ਮਾਰ ਕੇ ਸਿਰ ਮਾਰੇ ਦੂਜਾ ਰੋਕੇ।

ਫੇਰ ਦੂਜਾ ਉਤੇ ਸੱਜੇ ਪੈਰਾਂ ਤੇ ਵਾਰੀ ਨਾਲ ਹੱਥ ਮਾਰ ਕੇ ਕੱਢੇ।

o o o o

ਛੇ ਹੱਥ ਸਿਧੇ ਪੈਂਤੜੇ ਤੇ ਤੁਰ ਕੇ ਵਾਰੀ ਨਾਲ ਮਾਰਨੇ। ਇਕ ਜਣਾ ਅੱਗੇ ਵਧੇ ਦੂਜਾ ਜਣਾ ਪਿਛੇ ਹਟੇ।

ਇਕ ਜਣਾ ਥਲਿਉਂ ਚੱਡਿਆਂ ਵਿਚ ਚੀਰ ਮਾਰੇ ਦੂਜਾ ਜਣਾ ਰੋਕੇ

ਸੱਜੇ ਪੈਰਾ ਤੇ ਤਮਾਚਾ ਸੱਜਾ ਚੀਰ ਮਾਰੇ ਦੂਜਾ ਰੋਕੇ।

ਖੱਬੇ ਪੈਰਾਂ ਤੇ ਪਲਟ ਖੱਬਾ ਚੀਰ ਮਾਰੇ ਦੂਜਾ ਰੋਕੇ।

ਸੱਜੇ ਪੈਰਾਂ ਤੇ ਤਮਾਚਾ ਕੰਨ ਤੇ ਮਾਰੇ ਦੂਜਾ ਰੋਕੇ।

ਖ਼ਬੇ ਪੈਰਾਂ ਤੇ ਪਲਟ ਕੰਨ ਤੇ ਮਾਰੇ ਦੂਜਾ ਰੋਕੇ।

ਸੱਜੇ ਪੈਰਾਂ ਤੇ ਛਾਤੀ ਤੇ ਹੂਲ ਮਾਰ ਕੇ ਸਿਰ ਮਾਰੇ ਦੂਜਾ ਰੋਕੇ।

ਫੇਰ ਦੂਜਾ ਉਤੇ ਸੱਜੇ ਪੈਰਾਂ ਤੇ ਵਾਰੀ ਨਾਲ ਹਥ ਮਾਰਕੇ ਕਢੇ।

o o o o

ਛੇ ਹਥ ਸਿਧੇ ਪੈਂਤੜੇ ਤੇ ਤੁਰਕੇ ਵਾਰੀ ਨਾਲ ਮਾਰਨੇ, ਇਕ ਜਣਾ ਅਗੇ ਵਧੇ, ਦੂਜਾ ਜਣਾ ਪਿਛੇ ਹਟੇ ।

ਸੱਜੇ ਪੈਰਾਂ ਤੇ ਤਮਾਚਾ ਕੰਨ ਤੇ ਮਾਰੇ, ਦੂਜਾ ਰੋਕੇ ।

ਖੱਬੇ ਪੈਰਾਂ ਤੇ ਪਲਟ ਕੰਨ ਤੇ ਮਾਰੇ, ਦੂਜਾ ਰੋਕੇ ।

ਸੱਜੇ ਪੈਰਾਂ ਤੇ ਤਮਾਚਾ ਸੱਜੇ ਮੋਢੇ ਤੇ ਮਾਰੇ, ਦੂਜਾ ਰੋਕੇ ।

ਖੱਬੇ ਪੈਰਾਂ ਤੇ ਪਲਟ ਖੱਬੇ ਮੋਢੇ ਤੇ ਮਾਰੇ, ਦੂਜਾ ਰੋਕੇ ।

ਸੱਜੇ ਪੈਰਾਂ ਤੇ ਤਮਾਚਾ ਸੱਜੀ ਵੱਖੀ ਤੇ ਮਾਰੇ ਦੂਜਾ ਰੋਕੇ ।

ਖੱਬੇ ਪੈਰਾਂ ਤੇ ਪਲਟ ਖੱਬੀ ਵੱਖੀ ਤੇ ਮਾਰੇ ਦੂਜਾ ਰੋਕੇ ।

ਸੱਜੇ ਪੈਰਾਂ ਤੇ ਤਮਾਚਾ ਸੱਜੇ ਪੱਟ ਤੇ ਮਾਰੇ ਦੂਜਾ ਰੋਕੇ ।

ਖੱਬੇ ਪੈਰਾਂ ਤੇ ਪਲਟ ਖੱਬੇ ਪੱਟ ਤੇ ਮਾਰੇ, ਦੂਜਾ ਰੋਕੇ ।

ਸੱਜੇ ਪੈਰਾਂ ਤੇ ਤਮਾਚਾ ਸੱਜੇ ਗੋਡੇ ਤੇ ਮਾਰੇ ਦੂਜਾ ਰੋਕੇ ।

ਖੱਬੇ ਪੈਰਾਂ ਤੇ ਪਲਟ ਖੱਬੇ ਗੋਡੇ ਤੇ ਮਾਰੇ ਦੂਜਾ ਰੋਕੇ ।

ਬੈਠ ਕੇ ਸੱਜੇ ਪੈਰਾਂ ਤੇ ਤਮਾਚਾ ਸੱਜੇ ਗਿੱਟੇ ਤੇ ਮਾਰੇ ਦੂਜਾ ਰੋਕੇ ।

ਖੱਬੇ ਪੈਰਾਂ ਤੇ ਪਲਟ ਖੱਬੇ ਗਿੱਟੇ ਤੇ ਮਾਰੇ, ਦੂਜਾ ਰੋਕੇ ।

ਫੇਰ ਉਠ ਕੇ ਧੂੰਨੀ ਤੇ ਹੂਲ ਮਾਰ ਕੇ ਸਿਰ ਮਾਰੇ, ਦੂਜਾ ਰੋਕੇ ।

ਫੇਰ ਉਤੇ ਸੱਜੇ ਪੈਰਾਂ ਤੇ ਵਾਰੀ ਨਾਲ ਹਥ ਮਾਰ ਕੇ ਕੱਢੇ ।

o o o o



## ਢਾਲਾਂ ਤਲਵਾਰਾਂ ਦੇ ਹੱਥ ਕੱਢਣੇ :—

ਚੌਧਰੇ ਪੈਂਪੜੇ ਤੇ ਤੁਰਕੇ ਖੜ ਕੇ ਦੋਵਾਂ ਨੇ ਵਾਰੀ ਨਾਲ ਹਥ ਮਾਰ ਕੇ ਢਾਲਾਂ ਤੇ ਰੋਕਣੇ ।

ਸੱਜੇ ਪੈਰਾਂ ਤੇ ਖੜ ਕੇ ਦੋਵਾਂ ਨੇ ਵਾਰੀ ਨਾਲ ਤਮਾਚੇ ਕੰਨਾਂ ਤੇ ਮਾਰ ਕੇ ਢਾਲਾਂ ਤੇ ਰੋਕਣੇ ।

ਖੱਬੇ ਪੈਰਾਂ ਤੇ ਖੜ ਕੇ ਦੋਵਾਂ ਨੇ ਵਾਰੀ ਨਾਲ ਪਲਟਾਂ ਕੰਨਾਂ ਤੇ ਮਾਰਨੀਆਂ, ਢਾਲਾਂ ਤੇ ਰੋਕਣੀਆਂ ।

ਸੱਜੇ ਪੈਰਾਂ ਤੇ ਖੜ ਕੇ ਦੋਵਾਂ ਨੇ ਵਾਰੀ ਨਾਲ ਹੂਲਾਂ ਧੂੰਨੀਆਂ ਤੇ ਮਾਰ ਕੇ ਢਾਲਾਂ ਤੇ ਰੋਕਣੀਆਂ ।

ਫੇਰ ਪਲਟਾਂ ਸਿਰਾਂ ਤੇ ਮਾਰ ਕੇ ਢਾਲਾਂ ਤੇ ਰੋਕਣੀਆਂ ।

ਛੇਆਂ ਹੱਥਾਂ ਦੀ ਘਾਈ (ਨੰਬਰ ੧)

o o o o

ਚੌਧਰੇ ਪੈਂਤੜੇ ਤੇ

ਚੌਧਰੇ ਪੈਂਤੜੇ ਤੇ ਤੁਰ ਕੇ ਖੜ ਕੇ ਦੋਵਾਂ ਨੇ ਵਾਰੀ ਨਾਲ ਹਥ ਮਾਰਨੇ, ਢਾਲਾਂ ਤੇ ਰੋਕਣੇ ।

ਸੱਜੇ ਪੈਰਾਂ ਤੇ ਖੜ ਕੇ ਦੋਵਾਂ ਨੇ ਵਾਰੀ ਨਾਲ ਤਮਾਚੇ ਕੰਨਾਂ ਤੇ ਮਾਰ ਕੇ ਢਾਲਾਂ ਤੇ ਰੋਕਣੇ ।

ਖੱਬੇ ਪੈਰਾਂ ਤੇ ਖੜ ਕੇ ਦੋਵਾਂ ਨੇ ਵਾਰੀ ਨਾਲ ਪਲਟਾਂ ਕੰਨਾਂ ਤੇ ਮਾਰ ਕੇ ਢਾਲਾਂ ਤੇ ਰੋਕਣੀਆਂ।

ਸੱਜੇ ਪੈਰਾਂ ਤੇ ਖੜਕੇ ਦੋਵਾਂ ਨੇ ਵਾਰੀ ਨਾਲ ਤਮਾਚੇ ਸੱਜੇ ਮੋਢਿਆਂ ਤੇ ਮਾਰ ਕੇ ਢਾਲਾਂ ਤੇ ਰੋਕਣੇ ।

ਖੱਬੇ ਪੈਰਾਂ ਤੇ ਖੜਕੇ ਦੋਵਾਂ ਨੇ ਵਾਰੀ ਨਾਲ ਪਲਟਾਂ ਖੱਬੇ ਮੋਢਿਆਂ ਤੇ ਮਾਰ ਕੇ ਢਾਲਾਂ ਤੇ ਰੋਕਣੀਆਂ ।

ਸੱਜੇ ਪੈਰਾਂ ਤੇ ਖੜਕੇ ਦੋਵਾਂ ਨੇ ਵਾਰੀ ਨਾਲ ਹੂਲਾਂ ਧੁੰਨੀਆਂ ਤੇ ਮਾਰ ਕੇ ਢਾਲਾਂ ਤੇ ਰੋਕਣੀਆਂ ।

ਫੇਰ ਪਲਟਾਂ ਸਿਰਾਂ ਤੇ ਮਾਰ ਕੇ ਢਾਲਾਂ ਤੇ ਰੋਕਣੀਆਂ ।

ਦਸਾਂ ਹੱਥਾਂ ਦੀ ਘਾਈ (ਨੰਬਰ ੨)

੦ ੦ ੦ ੦

ਚੌਧਰੇ ਪੈਂਤੜੇ ਤੇ ਤੁਰ ਕੇ ਖੜਕੇ ਦੋਵਾਂ ਨੇ ਵਾਰੀ ਨਾਲ ਹਥ ਮਾਰ ਕੇ ਢਾਲਾਂ ਤੇ ਰੋਕਣੇ ।

ਸੱਜੇ ਪੈਰਾਂ ਤੇ ਖੜ ਕੇ ਦੋਵਾਂ ਨੇ ਵਾਰੀ ਨਾਲ ਤਮਾਚੇ ਕੰਨਾਂ ਤੇ ਮਾਰ ਕੇ ਢਾਲਾਂ ਤੇ ਰੋਕਣੇ ।

ਖੱਬੇ ਪੈਰਾਂ ਤੇ ਖੜਕੇ ਦੋਵਾਂ ਨੇ ਵਾਰੀ ਨਾਲ ਪਲਟਾਂ ਕੰਨਾਂ ਤੇ ਮਾਰ ਕੇ ਢਾਲਾਂ ਤੇ ਰੋਕਣੀਆਂ ।



ਸੱਜੇ ਪੈਰਾਂ ਤੇ ਖੜਕੇ ਦੋਵਾਂ ਨੇ ਵਾਰੀ ਨਾਲ ਤਮਾਚੇ ਵੱਖੀਆਂ ਤੇ ਮਾਰ ਕੇ ਢਾਲਾਂ ਤੇ ਰੋਕਣੇ ।

ਖੱਬੇ ਪੈਰਾਂ ਤੇ ਖੜ ਕੇ ਦੋਵਾਂ ਨੇ ਵਾਰੀ ਨਾਲ ਪਲਟਾਂ ਵੱਖੀਆਂ ਤੇ ਮਾਰ ਕੇ ਢਾਲਾਂ ਤੇ ਰੋਕਣੀਆਂ ।

ਸੱਜੇ ਪੈਰਾਂ ਤੇ ਖੜਕੇ ਦੋਵਾਂ ਨੇ ਵਾਰੀ ਨਾਲ ਹੂਲਾਂ ਧੁੰਨੀਆਂ ਤੇ ਮਾਰ ਕੇ, ਢਾਲਾਂ ਤੇ ਰੋਕਣੀਆਂ ।

ਪਲਟਾਂ ਸਿਰਾਂ ਤੇ ਮਾਰ ਕੇ ਢਾਲਾਂ ਤੇ ਰੋਕਣੀਆਂ ।

ਦਸਾਂ ਹੱਥਾਂ ਦੀ ਘਾਈ (ਨਬਰ ੩)

੦ ੦ ੦ ੦

ਚੌਧਰੇ ਪੈਂਤੜੇ ਤੇ ਤੁਰ ਕੇ ਖੜ ਕੇ ਦੋਵਾਂ ਨੇ ਵਾਰੀ ਨਾਲ ਹਥ ਮਾਰ ਕੇ ਢਾਲਾਂ ਤੇ ਰੋਕਣੇ ।

ਸੱਜੇ ਪੈਰਾਂ ਤੇ ਖੜ ਕੇ ਦੋਵਾਂ ਨੇ ਵਾਰੀ ਨਾਲ ਤਮਾਚੇ ਕੰਨਾਂ ਤੇ ਮਾਰ ਕੇ ਢਾਲਾਂ ਤੇ ਰੋਕਣੇ ।

ਖੱਬੇ ਪੈਰਾਂ ਤੇ ਖੜਕੇ ਦੋਵਾਂ ਨੇ ਵਾਰੀ ਨਾਲ ਪਲਟਾਂ ਕੰਨਾ ਤੇ ਮਾਰ ਕੇ ਢਾਲਾਂ ਤੇ ਰੋਕਣੀਆਂ ।

ਸੱਜੇ ਪੈਰਾਂ ਤੇ ਖੜਕੇ ਦੋਵਾਂ ਨੇ ਵਾਰੀ ਨਾਲ ਤਮਾਚੇ ਸੱਜੇ ਪੱਟਾਂ ਤੇ ਮਾਰਕੇ ਢਾਲਾਂ ਤੇ ਰੋਕਣੇ ।

ਖੱਬੇ ਪੈਰਾਂ ਤੇ ਖੜਕੇ ਦੋਵਾਂ ਨੇ ਵਾਰੀ ਨਾਲ ਪਲਟਾਂ ਖੱਬੇ ਪੱਟਾਂ ਤੇ ਮਾਰਕੇ ਢਾਲਾਂ ਤੇ ਰੋਕਣੀਆਂ ।

ਸੱਜੇ ਪੈਰਾਂ ਤੇ ਖੜਕੇ ਦੋਵਾਂ ਨੇ ਵਾਰੀ ਨਾਲ ਹੂਲਾਂ ਧੁੰਨੀਆਂ ਤੇ ਮਾਰ ਕੇ ਢਾਲਾਂ ਤੇ ਰੋਕਣੀਆਂ ।

ਪਲਟਾਂ ਸਿਰਾਂ ਤੇ ਮਾਰ ਕੇ ਢਾਲਾਂ ਤੇ ਰੋਕਣੀਆਂ ।

ਦਸਾਂ ਹੱਥਾਂ ਦੀ ਘਾਈ (ਨੰਬਰ ੪)

o o o o

ਚੌਧਰੇ ਪੈਂਤੜੇ ਤੇ ਤੁਰ ਕੇ ਖੜ ਕੇ ਦੋਵਾਂ ਨੇ ਵਾਰੀ ਨਾਲ ਹੱਥ ਮਾਰ ਕੇ ਢਾਲਾਂ ਤੇ ਰੋਕਣੇ ।

ਸੱਜੇ ਪੈਰਾਂ ਤੇ ਖੜਕੇ ਦੋਵਾਂ ਨੇ ਵਾਰੀ ਨਾਲ ਤਮਾਚੇ ਕੰਨਾ ਤੇ ਮਾਰ ਕੇ ਢਾਲਾਂ ਤੇ ਰੋਕਣੇ ।

ਖੱਬੇ ਪੈਰਾਂ ਤੇ ਖੜ ਕੇ ਦੋਵਾਂ ਨੇ ਵਾਰੀ ਨਾਲ ਪਲਟਾਂ ਕੰਨਾਂ ਤੇ ਮਾਰ ਕੇ ਢਾਲਾਂ ਤੇ ਰੋਕਣੀਆਂ ।

ਸੱਜੇ ਪੈਰਾਂ ਤੇ ਖੜ ਕੇ ਦੋਵਾਂ ਨੇ ਵਾਰੀ ਨਾਲ ਤਮਾਚੇ ਸੱਜੇ ਮੋਢਿਆਂ ਤੇ ਮਾਰਕੇ ਢਾਲਾਂ ਤੇ ਰੋਕਣੇ ।

ਖੱਬੇ ਪੈਰਾਂ ਤੇ ਖੜਕੇ ਦੋਵਾਂ ਨੇ ਵਾਰੀ ਨਾਲ ਪਲਟਾਂ ਖੱਬੇ ਮੋਢਿਆਂ ਤੇ ਮਾਰ ਕੇ ਢਾਲਾਂ ਤੇ ਰੋਕਣੀਆਂ ।

ਸੱਜੇ ਪੈਰਾਂ ਤੇ ਖੜ ਕੇ ਦੋਵਾਂ ਨੇ ਵਾਰੀ ਨਾਲ ਤਮਾਚੇ ਸੱਜੀਆਂ ਵੱਖੀਆਂ ਤੇ ਮਾਰ ਕੇ ਢਾਲਾਂ ਤੇ ਰੋਕਣੇ ।

ਖੱਬੇ ਪੈਰਾਂ ਤੇ ਖੜ ਕੇ ਦੋਵਾਂ ਨੇ ਵਾਰੀ ਨਾਲ ਪਲਟਾਂ ਖੱਬੀਆਂ ਵੱਖੀਆਂ ਤੇ ਮਾਰ ਕੇ ਢਾਲਾਂ ਤੇ ਰੋਕਣੀਆਂ ।



ਸੱਜੇ ਪੈਰਾਂ ਤੇ ਖੜ ਕੇ ਦੋਵਾਂ ਨੇ ਵਾਰੀ ਨਾਲ ਤਮਾਚੇ ਸੱਜੇ ਪੱਟਾਂ ਤੇ ਮਾਰ ਕੇ ਢਾਲਾਂ ਤੇ ਰੋਕਣੇ ।

ਖੱਬੇ ਪੈਰਾਂ ਤੇ ਖੜ ਕੇ ਦੋਵਾਂ ਨੇ ਵਾਰੀ ਨਾਲ ਪਲਟਾਂ ਖੱਬੇ ਪੱਟਾਂ ਤੇ ਮਾਰ ਕੇ ਢਾਲਾਂ ਤੇ ਰੋਕਣੀਆਂ ।

ਸੱਜੇ ਪੈਰਾਂ ਤੇ ਖੜ ਕੇ ਦੋਵਾਂ ਨੇ ਵਾਰੀ ਨਾਲ ਤਮਾਚੇ ਗੋਡਿਆਂ ਤੇ ਮਾਰ ਕੇ ਢਾਲਾਂ ਤੇ ਰੋਕਣੇ ।

ਖਬੇ ਪੈਰਾਂ ਤੇ ਖੜ ਕੇ ਦੋਵਾਂ ਨੇ ਵਾਰੀ ਨਾਲ ਪਲਟਾਂ ਖਬੇ ਗੋਡਿਆਂ ਤੇ ਮਾਰ ਕੇ ਢਾਲਾਂ ਤੇ ਰੋਕਣੀਆਂ ।

ਸਜੇ ਪੈਰਾ ਤੇ ਖੜ ਕੇ ਦੋਵਾਂ ਨੇ ਵਾਰੀ ਨਾਲ ਹੂਲਾਂ ਧੁੰਨੀਆਂ ਤੇ ਮਾਰ ਕੇ ਢਾਲਾਂ ਤੇ ਰੋਕਣੀਆ ।

ਪਲਟਾਂ ਸਿਰਾਂ ਤੇ ਮਾਰ ਕੇ ਢਾਲਾਂ ਤੇ ਰੋਕਣੀਆਂ ।

ਸਾਰੇ ੨੪ ਹਥਾਂ ਦੀ ਘਾਈ (ਨੰਬਰ ੫)

o o o o

## ਖੰਜਰ ਬਿਛੂਆ ਦੇ ਹੱਥ ਦੋਵਾਂ ਨੇ ਵਾਰੀ ਨਾਲ ਮਾਰ ਕੇ ਕੱਢਣੇ ।

ਸੱਜੇ ਪੈਰਾਂ ਤੇ ਖੜ ਕੇ ਦੋਵਾਂ ਨੇ ਵਾਰੀ ਨਾਲ ਤਮਾਚੇ ਸੱਜੇ ਕੰਨਾਂ ਤੇ ਮਾਰਨੇ । ਦੂਜੇ ਨੇ ਰੋਕ ਕੇ ਤਮਾਚਾ ਸੱਜੇ ਕੰਨ ਤੇ ਮਾਰਨਾ ।

ਖੱਬੇ ਪੈਰਾਂ ਤੇ ਖੜ ਕੇ ਦੋਵਾਂ ਨੇ ਵਾਰੀ ਨਾਲ ਪਲਟਾਂ ਖੱਬੇ ਕੰਨਾਂ

ਤੇ ਮਾਰਨੀਆਂ । ਦੂਜੇ ਨੇ ਰੋਕ ਕੇ ਪਲਟ ਖੱਬੇ ਕੰਨ ਤੇ ਮਾਰਨੀ ।

ਦੋਵਾਂ ਨੇ ਖੱਬੇ ਹੱਥਾਂ ਦੇ ਧੱਫੇ ਸੱਜੀਆਂ ਬਾਂਹਵਾਂ ਤੇ ਮਾਰ ਕੇ ਵਾਰ ਪਾਸੇ ਕੱਢ ਦੇਣੇ ਬਿਛੂਆ ਦੇ ।

ਸੱਜੇ ਪੈਰਾਂ ਤੇ ਖੜ ਕੇ ਦੋਵਾਂ ਨੇ ਵਾਰੀ ਨਾਲ ਪਲਟਾਂ ਦੀਆਂ ਹੂਲਾਂ ਸਿਰਾਂ ਤੇ ਮਾਰਨੀਆਂ ।

ਫੇਰ ਦੋਵਾਂ ਜਣਿਆਂ ਨੇ ਬਾਂਹਵਾਂ ਖੱਬੇ ਹੱਥਾਂ ਨਾਲ ਸੱਜੀਆਂ ਬਾਂਹਵਾਂ ਫੜ ਕੇ ਪੁੱਠੀਆਂ ਸਿਧੀਆਂ ਚੱਕ੍ਰੀਆਂ ਮਾਰ ਕੇ ਇਕ ਜਣਾ ਨੀਵਾਂ ਹੋਵੇ, ਦੂਜਾ ਜਣਾ ਪਿਠ ਤੇ ਲੰਮਾ ਪੈ ਕੇ ਉਤੋਂ ਦੀ ਉਛਲ ਕੇ ਪੂਰੀ ਛਾਲ ਮਾਰ ਕੇ ਬਾਂਹਵਾਂ ਛੱਡ ਕੇ ਫੇਰ ਦੋਵੇਂ ਜਣੇ ਚੌਧਰੇ ਪੈਂਤੜੇ ਤੇ ਤੁਰ ਕੇ ਖੇਡਣਾ ਸ਼ੁਰੂ ਕਰ ਦੇਣ ।

(ਨੰਬਰ ੧)

੦ ੦ ੦ ੦

ਚੌਧਰੇ ਪੈਂਤੜੇ ਤੇ ਤੁਰ ਕੇ ਖੜ ਕੇ ਦੋਵਾਂ ਨੇ ਵਾਰੀ ਨਾਲ ਹਥ ਮਾਰ ਕੇ ਕੱਢਣੇ ।

ਸੱਜੇ ਪੈਰਾਂ ਤੇ ਖੜ ਕੇ ਦੋਵਾਂ ਨੇ ਵਾਰੀ ਨਾਲ ਤਮਾਚੇ ਸੱਜੇ ਕੰਨਾਂ ਤੇ ਮਾਰਨੇ । ਦੂਜੇ ਨੇ ਰੋਕ ਕੇ ਤਮਾਚਾ ਸੱਜੇ ਕੰਨ ਤੇ ਮਾਰਨਾ ।

ਖੱਬੇ ਪੈਰਾਂ ਤੇ ਖੜਕੇ ਦੋਵਾਂ ਨੇ ਵਾਰੀ ਨਾਲ ਪਲਟਾਂ ਖੱਬੇ ਕੰਨਾ ਤੇ ਮਾਰਨੀਆਂ । ਦੂਜੇ ਨੇ ਰੋਕ ਕੇ ਪਲਟ ਖੱਬੇ ਕੰਨ ਤੇ ਮਾਰਨੀ ।

ਸੱਜੇ ਪੈਰਾਂ ਤੇ ਖੜਕੇ ਦੋਵਾਂ ਨੇ ਵਾਰੀ ਨਾਲ ਤਮਾਚੇ ਸੱਜੀਆਂ



ਵੱਖੀਆਂ ਤੇ ਮਾਰਨੇ । ਦੂਜੇ ਨੇ ਰੋਕ ਕੇ ਤਮਾਚਾ ਸੱਜੀ ਵੱਖੀ ਤੇ ਮਾਰਨਾ ।

ਖੱਬੇ ਪੈਰਾਂ ਤੇ ਖੜ ਕੇ ਦੋਵਾਂ ਨੇ ਵਾਰੀ ਨਾਲ ਪਲਟਾਂ ਸੱਜੀਆਂ ਵੱਖੀਆਂ ਤੇ ਮਾਰਨੀਆਂ । ਦੂਜੇ ਨੇ ਰੋਕ ਕੇ ਪਲਟ ਸੱਜੀ ਵੱਖੀ ਤੇ ਮਾਰਨੀ ।

ਸੱਜੇ ਪੈਰਾਂ ਤੇ ਖੜਕੇ ਦੋਵਾਂ ਨੇ ਵਾਰੀ ਨਾਲ ਪਲਟਾਂ ਦੀਆਂ ਹੂਲਾਂ ਸਿਰਾਂ ਤੇ ਮਾਰਨੀਆਂ ।

ਦਸਾਂ ਹੱਥਾਂ ਦੀ ਘਾਈ (ਨੰਬਰ ੨)

੦ ੦ ੦ ੦

ਚੌਧਰੇ ਪੈਂਤੜੇ ਤੇ ਤੁਰ ਕੇ ਖੜ ਕੇ ਦੋਵਾਂ ਨੇ ਵਾਰੀ ਨਾਲ ਹੱਥ ਮਾਰ ਕੇ ਕੱਢਣੇ ।

ਸੱਜੇ ਪੈਰਾਂ ਤੇ ਖੜ ਕੇ ਦੋਵਾਂ ਨੇ ਵਾਰੀ ਨਾਲ ਤਮਾਚੇ ਸੱਜੇ ਕੰਨਾਂ ਤੇ ਮਾਰਨੇ । ਦੂਜੇ ਨੇ ਰੋਕ ਕੇ ਤਮਾਚਾ ਸੱਜੇ ਕੰਨ ਤੇ ਮਾਰਨਾ ।

ਖੱਬੇ ਪੈਰਾਂ ਤੇ ਖੜ ਕੇ ਦੋਵਾਂ ਨੇ ਵਾਰੀ ਨਾਲ ਪਲਟਾਂ ਖੱਬੇ ਕੰਨਾਂ ਤੇ ਮਾਰਨੀਆਂ । ਦੂਜੇ ਨੇ ਰੋਕ ਕੇ ਪਲਟ ਖੱਬੇ ਕੰਨ ਤੇ ਮਾਰਨੀ ।

ਸੱਜੇ ਪੈਰਾਂ ਤੇ ਖੜ ਕੇ ਦੋਵਾਂ ਨੇ ਵਾਰੀ ਨਾਲ ਤਮਾਚੇ ਸੱਜੇ ਪੱਟਾਂ ਤੇ ਮਾਰਨੇ । ਦੂਜੇ ਨੇ ਰੋਕ ਕੇ ਤਮਾਚਾ ਸੱਜੇ ਪੱਟ ਤੇ ਮਾਰਨਾ ।

ਖੱਬੇ ਪੈਰਾਂ ਤੇ ਖੜਕੇ ਦੋਵਾਂ ਨੇ ਵਾਰੀ ਨਾਲ ਪਲਟਾਂ ਖੱਬੇ ਪੱਟਾਂ ਤੇ ਮਾਰਨੀਆਂ। ਦੂਜੇ ਨੇ ਰੋਕ ਕੇ ਪਲਟ ਖੱਬੇ ਪੱਟ ਤੇ ਮਾਰਨੀ।

ਸੱਜੇ ਪੈਰਾਂ ਤੇ ਖੜਕੇ ਦੋਵਾਂ ਨੇ ਵਾਰੀ ਨਾਲ ਪਲਟਾਂ ਦੀਆਂ ਹੂਲਾਂ ਸਿਰਾਂ ਤੇ ਮਾਰਨੀਆਂ।

### ਦਸਾਂ ਹੱਥਾਂ ਦੀ ਘਾਈ (ਨੰਬਰ ੩)

o o o o

ਸੱਜੇ ਪੈਰਾਂ ਤੇ ਖੜਕੇ ਦੋਵਾਂ ਨੇ ਵਾਰੀ ਨਾਲ ਅੱਠ ਹੱਥ ਹੂਲਾਂ ਦੇ ਮਾਰ ਕੇ ਕੱਢਣੇ।

ਪਹਿਲੇ ਦੋਵਾਂ ਨੇ ਵਾਰੀ ਨਾਲ ਚਾਰ ਹੱਥ ਹੂਲਾਂ ਦੇ ਆਹਮੋ ਸਾਹਮਣੇ ਮਾਰਨੇ।

ਫੇਰ ਦੋਵਾਂ ਨੇ ਵਾਰੀ ਨਾਲ ਚਾਰ ਹੱਥ ਹੂਲਾਂ ਦੇ ਥੱਲੇ ਢਿਡ, ਪੇਟ ਤੇ ਮਾਰਨੇ।

### ਅੱਠਾਂ ਹੱਥਾਂ ਦੀ ਘਾਈ (ਨੰਬਰ ੪)

ਸੱਜੇ ਪੈਰਾਂ ਤੇ ਖੜ ਕੇ ਦੋਵਾਂ ਨੇ ਵਾਰੀ ਨਾਲ ਪਲਟਾਂ ਦੀਆਂ ਹੂਲਾਂ ਸਿਰਾਂ ਤੇ ਮਾਰਨੀਆਂ।

ਦੋਵਾਂ ਨੇ ਖੱਬੇ ਹੱਥਾਂ ਦੇ ਧੱਫੇ ਸੱਜੀਆਂ ਬਾਂਹਵਾਂ ਤੇ ਮਾਰ ਕੇ, ਵਾਰ ਪਾਸੇ ਕੱਢ ਦੇਣੇ ਬਿਛੂਆ ਦੇ।